# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ।

**ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ,ਬਲਾਕ ਈ, ਛੇਵੀ ਮੰਜਿਲ,ਫੇਜ਼-8, ਮੋਹਾਲੀ,**

**ਈ-ਮੇਲ:** directorscert@punjabeducation.gov.in,**ਫੋਨ ਨੰਬਰ: 0172-2212221**


---

ਵੱਲ , ( ਈ-ਮੇਲ ਅਤੇ ਵੈੱਬਸਾਈਟ ਰਾਹੀਂ)

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ /ਸੈਸਿੱ)

ਸਮੂਹ ਸਕੂਲ ਮੁੱਖੀ (ਪ੍ਰਾਇਮਰੀ/ਮਿਡਲ/ਹਾਈ/ਸੀਨੀਅਰ ਸੈਕੰਡਰੀ),

ਪੰਜਾਬ।

ਮੀਮੋ ਨੰ: Efile-973855/SCERT/SDP/294

ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ,01-10-2025

Subject:- Veer Gatha Project 5.0 ਸੰਬੰਧੀ।

ਹਵਾਲਾ: Deputy Secretary, Ministry of Education, Department of School Education and Literacy, GoI, New Delhi ਵੱਲੋਂ ਪ੍ਰਾਪਤ ਪੱਤਰ: D.No.4-1/2025-PMP-6 Dated : September, 2025 ਦੀ ਲਗਾਤਾਰਤਾ ਵਿੱਚ।

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਅਨੁਸਾਰ Veer Gatha Project ਦੀ ਸਥਾਪਨਾ 2021 ਵਿੱਚ Gallantry Awards Portal (GAP) ਦੇ ਤਹਿਤ ਕੀਤੀ ਗਈ ਸੀ, ਜਿਸਦਾ ਉਦੇਸ਼ ਵਿਦਿਆਰਥੀਆਂ ਵਿੱਚ ਦੇਸ਼ ਭਗਤੀ ਅਤੇ ਉਨ੍ਹਾਂ ਵਿੱਚ ਨਾਗਰਿਕ ਚੇਤਨਾ ਦੀਆਂ ਕਦਰਾਂ- ਕੀਮਤਾਂ ਪੈਦਾ ਕਰਨ ਲਈ ਬਹਾਦਰੀ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਦੇ ਬਹਾਦਰੀ ਦੇ ਕੰਮਾਂ ਅਤੇ ਦਿਲਾਂ ਦੇ ਵੇਰਵਿਆਂ ਦਾ ਪ੍ਰਸਾਰ ਕਰਨਾ ਸੀ।

2.0 ਸਾਲ 2025-26 ਵਿੱਚ ਰੱਖਿਆ ਮੰਤਰਾਲੇ (MoD) ਨੇ ਸਿੱਖਿਆ ਮੰਤਰਾਲੇ (MOE) ਦੇ ਸਹਿਯੋਗ ਨਾਲ ਸ਼ੁਰੂ ਕੀਤੇ ਗਏ Veer Gatha Project 5.0 ਦਾ ਆਯੋਜਨ concept ਨੋਟ ਵਿੱਚ ਦਰਸਾਈਆਂ ਸਮਾਂ- ਸੀਮਾਵਾਂ ਅਨੁਸਾਰ ਕੀਤਾ ਜਾਵੇਗਾ। (concept ਨੋਟ ਦੀ ਕਾਪੀ ਨੱਥੀ)

3.0 ਇਸ ਪ੍ਰੋਜੈਕਟ ਅਧੀਨ ਰੱਖਿਆ ਮੰਤਰਾਲਾ (MoD) ਦੇਸ਼ ਭਰ ਦੇ ਸਕੂਲਾਂ ਲਈ ਵਰਚੁਅਲ/ਆਹਮਣੇ- ਸਾਹਮਣੇ ਜਾਗਰੂਕਤਾ ਪ੍ਰੋਗਰਾਮਾਂ/ ਸੈਸ਼ਨਾਂ ਦਾ ਆਯੋਜਨ ਕਰੇਗਾ।

4.0 ਵਿਦਿਆਰਥੀ ਇਸ ਪ੍ਰੋਗਰਾਮ ਵਿੱਚ ਭਾਗ ਲੈਣ ਲਈ ਬਹਾਦਰੀ ਪੁਰਸਕਾਰ ਜੇਤੂਆਂ 'ਤੇ ਵੱਖ- ਵੱਖ ਪ੍ਰੋਜੈਕਟ ਜਿਵੇਂ ਕਿ ਕਵਿਤਾ/ਪੈਰਾ/ਕਹਾਣੀ/ਡਰਾਇੰਗ/ ਵੀਡੀਓ ਬਣਾ ਸਕਦੇ ਹਨ।

5.0 ਹਰ ਪੱਧਰ ਜਿਵੇਂ ਕਿ ਜ਼ਿਲ੍ਹਾ ਪੱਧਰ, ਰਾਜ ਅਤੇ ਰਾਸ਼ਟਰੀ ਪੱਧਰ 'ਤੇ ਜੇਤੂ ਚੁਣੇ ਜਾਣਗੇ ਅਤੇ ਰਾਸ਼ਟਰੀ ਪੱਧਰ 'ਤੇ ਜੇਤੂਆਂ ਨੂੰ ਸਿੱਖਿਆ ਮੰਤਰਾਲੇ, ਭਾਰਤ ਸਰਕਾਰ ਅਤੇ ਰੱਖਿਆ ਮੰਤਰਾਲੇ, ਭਾਰਤ ਸਰਕਾਰ ਦੁਆਰਾ ਸਾਂਝੇ ਤੌਰ 'ਤੇ ਦਿੱਲੀ ਵਿਖੇ ਸਨਮਾਨਿਤ ਕੀਤਾ ਜਾਵੇਗਾ।

6.0 ਸਿੱਖਿਆ ਮੰਤਰਾਲੇ, ਭਾਰਤ ਸਰਕਾਰ ਅਤੇ ਰੱਖਿਆ ਮੰਤਰਾਲੇ, ਭਾਰਤ ਸਰਕਾਰ ਵੱਲੋਂ ਦੇਸ਼ ਦੇ ਸਾਰੇ ਸਕੂਲ ਬੋਰਡਾਂ ਦੇ ਵਿਦਿਆਰਥੀਆਂ ਦੀ ਵੱਡੀ ਭਾਗੀਦਾਰੀ ਦੀ ਸਹੂਲਤ ਲਈ Veer Gatha 5.0 Project ਨੂੰ MyGov ਪਲੇਟਫਾਰਮ ਸ਼ੁਰੂ ਕੀਤਾ ਗਿਆ ਹੈ।

7.0 ਸਾਰੇ ਪੱਧਰਾਂ ਜਿਵੇਂ ਕਿ ਜ਼ਿਲ੍ਹਾ ਪੱਧਰ, ਰਾਜ ਅਤੇ ਰਾਸ਼ਟਰੀ ਪੱਧਰ 'ਤੇ MyGov ਪਲੇਟਫਾਰਮ 'ਤੇ ਪ੍ਰਾਪਤ ਐਂਟਰੀਆਂ ਦਾ ਮੁਲਾਂਕਣ ਕੀਤਾ ਜਾਵੇਗਾ।

8.0 ਜ਼ਿਲ੍ਹਾ ਪੱਧਰ ਅਤੇ ਰਾਜ ਪੱਧਰ ਤੇ ਐਂਟਰੀਆਂ ਦਾ ਮੁਲਾਂਕਣ ਸਬੰਧਤ ਰਾਜ ਦੇ ਸਿੱਖਿਆ ਵਿਭਾਗ ਵੱਲੋਂ ਕਰਵਾਇਆ ਜਾਵੇਗਾ।

9.0 ਜ਼ਿਲ੍ਹਾ ਪੱਧਰ ਅਤੇ ਰਾਜ ਪੱਧਰ ਦੇ ਮੁਲਾਂਕਣ ਲਈ ਜ਼ਿਲ੍ਹਾ ਪੱਧਰ ਅਤੇ ਰਾਜ ਪੱਧਰ 'ਤੇ ਕਮੇਟੀਆਂ ਦਾ ਗਠਨ ਕੀਤਾ ਜਾਵੇਗਾ।

10.0 ਸਾਲ 2025-26 ਦੌਰਾਨ Ministry of Defence ਵੱਲੋਂ Ministry of Education ਵੱਲੋਂ ਸਾਂਝੇ ਤੌਰ ’ਤੇ ਚਲਾਏ ਜਾ ਰਹੇ Veer Gatha Project 5.0 ਵਿੱਚ ਨਿਮਨ ਦਰਸਾਏ ਅਨੁਸਾਰ ਕੈਟਾਗਰੀਆਂ ਲਈ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ:-

| S. No. | Categories | Activity/Entry in the form of following: | Suggestive Topic |
|---|---|---|---|
| 1 | Classes 3rd to 5th | Poem/Paragraph (150 words)/Painting | i. My role model is (Gallantry Award Winner) _______. The values which I have learnt from his/her life are............. <br> Or <br> ii. _____ (Gallantry Award Winner) gave the supreme sacrifice for our nation. If given a chance for keeping his/her memory alive, I would like to.......... |
| 2 | Classes 6th to 8th | Poem/Paragraph (300 words)/Painting/ Multi Media Presentation(Anchoring/Story telling/Reporting ) | |
| 3 | Classes 9th to 12th | Poem/Essay (750 words)/Painting/ Multi Media Presentation (Anchoring /Story telling/Reporting) | |

| | | | |
|---|---|---|---|
| | | | Or<br>Iii The indomitable spirit and military strategies of the warriors of India. For instance, but not restricted to King Kharavela of Kalinga, Prithviraj Chauhan, Shivaji, Warriors of 1857-The first war of Independence and Tribal Uprising etc. (Write about any one Warrior who inspire you the most........) |

11.0 ਉਕਤ ਦਰਸਾਈਆਂ ਗਤੀਵਿਧੀਆਂ ਅਤੇ ਪ੍ਰੋਜੈਕਟ ਦਾ ਸ਼ਡਿਊਲ ਨਿਮਨ ਅਨੁਸਾਰ ਹੋਵੇਗਾ:-

| ਲੜੀ ਨੰ | ਸਮਾਂ-ਸਾਰਣੀ | ਵੇਰਵੇ |
|---|---|---|
| 1 | ਮਿਤੀ 08-09-2025 ਤੋਂ 31-10-2025 ਤੱਕ<br>(54 Days) | ਰੱਖਿਆ ਮੰਤਰਾਲਾ ਦੁਆਰਾ ਦੇਸ਼ ਭਰ ਦੇ ਸਕੂਲਾਂ ਲਈ ਵਰਚੁਅਲ/ਆਹਮਣੇ- ਸਾਹਮਣੇ ਜਾਗਰੂਕਤਾ ਪ੍ਰੋਗਰਾਮਾਂ/ ਸੈਸ਼ਨਾਂ ਦਾ ਅਯੋਜਨ ਅਤੇ ਸਕੂਲਾਂ ਵਿੱਚ ਆਪਣੇ ਪੱਧਰ ਤੇ ਗਤੀਵਿਧੀਆਂ ਕਰਵਾਉਣ ਦਾ ਆਯੋਜਨ। |
| 2 | ਮਿਤੀ 01-10-2025 ਤੋਂ - 31-10-2025 ਤੱਕ<br>(31 Days) | ਹਰੇਕ ਸਕੂਲ ਦੀ ਹਰੇਕ ਕੈਟਾਗਰੀ :<br>Category-1(Class 3rd to 5th) : 01 best Entry<br>Category-2(Class 6th to 8th) : 01 best Entry<br>Category-3(Class 9th to 10th) : 01 best Entry<br>(Class 11th to 12th) : 01 best Entry<br>ਵਿੱਚ ਇੱਕ ਸਭ ਤੋਂ ਵਧੀਆ ਐਂਟਰੀ Mygov platform ਤੇ ਅਪਲੋਡ ਕੀਤੀ ਜਾਵੇਗੀ। ਇਸ ਤਰ੍ਹਾਂ ਹਰੇਕ ਸਕੂਲ 04 ਐਂਟਰੀਆ ਭੇਜ ਸਕਦਾ ਹੈ। ਪ੍ਰਾਇਮਰੀ (ਜਮਾਤ 5ਵੀਂ ਤੱਕ), ਮਿਡਲ (ਜਮਾਤ 8ਵੀਂ ਤੱਕ) ਅਤੇ ਹਾਈ (ਜਮਾਤ 10ਵੀਂ ਤੱਕ) ਸਕੂਲ ਵੀ 04 ਐਂਟਰੀਆ ਭੇਜ ਸਕਦਾ ਹੈ। ਜਿਸ ਦੀ ਵੰਡ ਨਿਮਨ ਅਨੁਸਾਰ ਹੈ:- |

| | | |
|---|---|---|
| | | 1. ਹਾਈ ਸਕੂਲ (ਸਕੂਲ ਜਿਹਨਾਂ ਵਿੱਚ10ਵੀਂ ਕਲਾਸ ਤੱਕ ਕਲਾਸਾਂ ਹੋਣ) : Category-1,2 & 3 ਹਰੇਕ ਲਈ ਇੱਕ ਸਭ ਤੋਂ ਵਧੀਆ ਐਂਟਰੀ ਅਤੇ Category-1,2 & 3 ਵਿੱਚੋਂ ਕਿਸੇ ਇੱਕ ਵਿੱਚ ਸਭ ਤੋਂ ਵਧੀਆ ਐਂਟਰੀ ਭੇਜ ਸਕਦਾ ਹੈ। ਇਸ ਤਰ੍ਹਾਂ ਕੁੱਲ 04 ਐਂਟਰੀਆ ਭੇਜ ਸਕਦਾ ਹੈ।<br>2. ਮਿਡਲ ਸਕੂਲ (ਸਕੂਲ ਜਿਹਨਾਂ ਵਿੱਚ 8ਵੀਂ ਕਲਾਸ ਤੱਕ ਕਲਾਸਾਂ ਹੋਣ) : Category-1 & 2 ਲਈ ਇੱਕ ਸਭ ਤੋਂ ਵਧੀਆ ਐਂਟਰੀ ਅਤੇ Category-1 & 2 ਵਿੱਚੋਂ ਦੋ ਸਭ ਤੋਂ ਵਧੀਆ ਐਂਟਰੀਆਂ ਭੇਜ ਸਕਦਾ ਹੈ। ਇਸ ਤਰ੍ਹਾਂ ਕੁੱਲ 04 ਐਂਟਰੀਆ ਭੇਜ ਸਕਦਾ ਹੈ।<br>3. ਪ੍ਰਾਇਮਰੀ ਸਕੂਲ (ਸਕੂਲ ਜਿਹਨਾਂ ਵਿੱਚ 5ਵੀਂ ਕਲਾਸ ਤੱਕ ਕਲਾਸਾਂ ਹੋਣ) : Category-1 ਲਈ 04 ਸਭ ਤੋਂ ਵਧੀਆ ਐਂਟਰੀਆ ਭੇਜ ਸਕਦਾ ਹੈ। |
| 3 | ਮਿਤੀ 01-11-2025 ਤੋਂ 20-11-2025 ਤੱਕ<br>(20 Days) | ਜਿਲ੍ਹਾ ਨੋਡਲ ਅਫਸਰ ਵੱਲੋਂ ਸਕੂਲਾਂ ਤੋਂ ਪ੍ਰਾਪਤ ਐਂਟਰੀਆਂ ਦਾ ਮੁਲਾਂਕਣ ਨਾਲ ਨੱਥੀ Annexure1 ਵਿੱਚ ਦਿੱਤੇ Rubrics ਅਨੁਸਾਰ ਕਰਨ ਉਪਰੰਤ ਹਰੇਕ ਗਤੀਵਿਧੀ ਵਿੱਚੋਂ ਦੋ-ਦੋ ਸਭ ਤੋਂ ਵਧੀਆ ਐਂਟਰੀਆਂ ਰਾਜ ਨੋਡਲ ਅਫਸਰ ਨੂੰ MyGov ਪੋਰਟਲ ਰਾਹੀਂ ਮੁੱਲਾਂਕਣ ਲਈ ਭੇਜੀਆਂ ਜਾਣਗੀਆਂ। |
| 4 | ਮਿਤੀ 21-11-2025 ਤੋਂ - 03-12-2025 ਤੱਕ<br>(13 Days) | ਜਿਲ੍ਹਾ ਨੋਡਲ ਅਫਸਰ ਵੱਲੋਂ ਰਾਜ ਨੋਡਲ ਅਫਸਰ ਨੂੰ MyGov ਪੋਰਟਲ ਰਾਹੀਂ ਮੁਲਾਂਕਣ ਲਈ ਭੇਜੀਆਂ ਐਂਟਰੀਆਂ ਦਾ ਮੁਲਾਂਕਣ ਨਾਲ ਨੱਥੀ Annexure1 ਵਿੱਚ ਦਿੱਤੇ Rubrics ਅਨੁਸਾਰ ਕਰਨ ਉਪਰੰਤ ਸਭ ਤੋਂ ਵਧੀਆ ਐਂਟਰੀਆਂ MyGov ਪੋਰਟਲ ਰਾਹੀਂ ਮੁਲਾਂਕਣ ਨੈਸ਼ਨਲ ਪੱਧਰ ’ਤੇ ਭੇਜੀਆਂ ਜਾਣਗੀਆਂ। |
| 5 | ਮਿਤੀ 04-12-2025 ਤੋਂ 24-12-2025 ਤੱਕ<br>(Same As Original) | Ministry of Education ਦੁਆਰਾ ਬਣਾਈ ਕਮੇਟੀ ਵੱਲੋਂ ਨੈਸ਼ਨਲ ਪੱਧਰ ਤੇ ਮੁਲਾਂਕਣ ਕੀਤਾ ਜਾਵੇਗਾ |

| | | |
|---|---|---|
| 6 | ਮਿਤੀ 27-12-2025 | ਕਮੇਟੀ ਵੱਲੋਂ ਨੈਸ਼ਨਲ ਪੱਧਰ ਦਾ ਨਤੀਜ਼ਾ Ministry of Education ਨੂੰ ਜਮ੍ਹਾਂ ਕਰਵਾਇਆ ਜਾਵੇਗਾ। |
| 7 | ਮਿਤੀ 30-12-2025 | ਕਮੇਟੀ ਵੱਲੋਂ ਤਿਆਰ ਕੀਤਾ ਨੈਸ਼ਨਲ ਪੱਧਰ ਦਾ ਨਤੀਜ਼ਾ Ministry of Education ਵੱਲੋਂ Ministry of Defence ਨੂੰ ਜਮ੍ਹਾਂ ਕਰਵਾਇਆ ਜਾਵੇਗਾ। |

12.0 Project Veer Gatha 5.0 ਅਧੀਨ ਦੇਸ਼ ਦੇ ਸਾਰੇ ਸਕੂਲ ਬੋਰਡਾਂ ਦੇ ਕਲਾਸ ਤੀਸਰੀ ਤੋਂ ਲੈ ਕੇ 12ਵੀਂ ਤੱਕ ਦੇ ਵਿਦਿਆਰਥੀਆਂ ਦੀ ਵੱਡੀ ਭਾਗੀਦਾਰੀ ਦੀ ਸਹੂਲਤ ਲਈ MyGov ਪਲੇਟਫਾਰਮ 'ਤੇ ਐਂਟਰੀਆਂ ਅੱਪਲੋਡ ਕੀਤੀਆਂ ਜਾਣ।

13.0 ਨੈਸ਼ਨਲ ਪੱਧਰ ਦੇ ਜੇਤੂਆਂ ਨੂੰ Ministry of Defence (MoD) ਵੱਲੋਂ 10,000/- ਨਕਦ ਇਨਾਮ ਦਿੱਤਾ ਜਾਵੇਗਾ।

14.0 Veer Gatha Project (5.0) ਅਧੀਨ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਅਤੇ ਪ੍ਰੋਜੈਕਟ ਬਾਰੇ ਹੋਰ ਜਾਣਕਾਰੀ ਲਈ Concept Note ਨਾਲ ਨੱਥੀ ਹੈ ਜੀ।

15.0 ਉਪਰੋਕਤ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਸਕੂਲਾਂ ਵੱਲੋਂ ਹੇਠ ਲਿਖੇ links ਤੋਂ ਵੀ ਜਾਣਕਾਰੀ ਲਈ ਜਾ ਸਕਦੀ ਹੈ:-

The following links can be referred by schools:

i. Website www.gallantryawards.gov.in

to know in detail about the bravehearts.

ii. NCERT book on Paramvir Chakra Awardees at the link: https://ncert.nic.in/pdf/publication/otherpublications/veergatha.pdf

16.0 ਆਪ ਵੱਲੋਂ ਆਪਣੇ ਅਤੇ ਆਪਣੇ ਅਧੀਨ ਆਉਂਦੇ ਸਾਰੇ ਸਕੂਲਾਂ ਦੇ ਕਲਾਸ ਤੀਸਰੀ ਤੋਂ ਲੈ ਕੇ 12ਵੀਂ ਤੱਕ ਦੇ ਵਿਦਿਆਰਥੀਆਂ ਨੂੰ Project Veer Gatha 5.0 ਦੇ ਨਾਲ ਨੱਥੀ Concept Note ਦੀਆਂ ਹਦਾਇਤਾਂ, ਟਾਈਮ ਸ਼ਡਿਊਲ ਅਨੁਸਾਰ ਭਾਗ ਲੈਣ ਪ੍ਰੇਰਿਤ ਕੀਤਾ ਜਾ ਸਕੇ।

ਕਿਰਨ ਸ਼ਰਮਾ,ਪੀ.ਸੀ.ਐਸ.,

.　　　ਡਾਇਰੈਕਟਰ, ਐਸ.ਸੀ.ਈ.ਆਰ.ਟੀ,ਪੰਜਾਬ।

ਪਿੱਠ ਅੰਕਣ ਨੰ: ਉਕਤ　　　ਮਿਤੀ: ਐਸ.ਏ.ਐਸ. ਨਗਰ, 01-10-2025

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ-

1 ਪੀ.ਏ ਟੂ ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।

2 ਪੀ.ਏ ਟੂ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਸਿੱ/ਐਸਿੱ), ਪੰਜਾਬ, ਨੂੰ ਸੂਚਨਾ ਹਿੱਤ ਅਤੇ

3 ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈਸਿੱ/ਐਸਿੱ),ਪੰਜਾਬ ਨੂੰ ਸਰਕਾਰੀ, ਅਰਧ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਸਮੂਹ ਸਕੂਲ ਮੁੱਖੀਆਂ ਨੂੰ Project Veer Gatha 5.0 ਵਿੱਚ ਕਲਾਸ ਤੀਸਰੀ ਤੋਂ ਲੈ ਕੇ 12ਵੀਂ ਤੱਕ ਦੇ ਸਾਰੇ ਵਿਦਿਆਰਥੀਆਂ ਨੂੰ ਭਾਗ ਲੈਣ ਲਈ ਉਤਸ਼ਾਹਿਤ ਕਰਨ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਡਾਇਰੈਕਟਰ,ਸ.ਡ.ਪ.,

ਐਸ.ਸੀ.ਈ.ਆਰ.ਟੀ,ਪੰਜਾਬ।